# ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਰਾਜਸੀ ਚੇਤਨਾ

*ਰਾਜਿੰਦਰਪਾਲ ਸਿੰਘ*

ਕਿਸੇ ਖੇਤਰ ਵਿਚ ਚੋਟੀ ਦੀ ਪ੍ਰਸਿਧੀ ਪ੍ਰਾਪਤ ਕਰ ਲੈਣ ਵਾਲੇ ਜਾਂ ਇਕ ਤੋਂ ਵੱਧ ਖੇਤਰਾਂ ਵਿਚ ਕੰਮ ਕਰਨ ਵਾਲੇ ਹਰ ਵਿਅਕਤੀ ਬਾਰੇ ਆਮ ਕਹਿ ਦਿੱਤਾ ਜਾਂਦਾ ਹੈ ਕਿ ਉਹ ਵਿਅਕਤੀ ਨਹੀਂ ਸਗੋਂ ਇਕ ਸੰਸਥਾ ਹੈ। ਬਹੁਤ ਵਾਰੀ ਇਹ ਵਾਕ ਸੰਬੰਧਿਤ ਵਿਅਕਤੀ ਦੀ ਵਡਿਆਈ ਦਰਸਾਉਣ ਲਈ ਵਰਤੇ ਅਤਿਕਥਨੀ ਮੂਲਕ ਅਲੰਕਾਰਕ ਵਿਸ਼ੇਸ਼ਣ ਤੋਂ ਵੱਧ ਸਚਾਈ ਨਹੀਂ ਰੱਖਦਾ ਹੁੰਦਾ ਪਰ ਗੁਰਸ਼ਰਨ ਸਿੰਘ ਬਾਰੇ ਇਹ ਇਕ ਤੱਥ ਹੈ। ਇਸੇ ਕਾਰਨ ਉਨ੍ਹਾਂ ਦੇ ਲਿਖੇ ਨਾਟਕ-ਇਕਾਂਗੀਆਂ ਬਾਰੇ ਕੁਝ ਕਹਿਣ ਤੋਂ ਪਹਿਲਾਂ ਉਨ੍ਹਾਂ ਦੀ ਨਾਟਕ-ਲੇਖਣ ਪ੍ਰਤਿਭਾ ਨੂੰ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਹੋਰ ਕੰਮਾਂ ਕਾਰਾਂ ਤੋਂ ਨਿਖੇੜ ਲੈਣਾ ਅਧਿਐਨ ਪੱਖੋਂ ਠੀਕ ਰਹੇਗਾ। ਹਥਲੇ ਲੇਖ ਵਿਚ ਗੁਰਸ਼ਰਨ ਸਿੰਘ ਦੀ ਸ਼ਖ਼ਸੀਅਤ ਹੋਰ ਪਸਾਰ ਜਿਵੇਂ ਵਾਰਤਾਕਾਰ, ਸੰਪਾਦਕ, ਪ੍ਰਕਾਸ਼ਕ ਵਰਗੇ ਨਾਟਕ ਤੋਂ ਦੂਰ ਅਤੇ ਨਾਟਕ ਨਿਰਦੇਸ਼ਨ ਜਾਂ ਅਦਾਕਾਰੀ ਵਰਗੇ ਨਾਟਕ ਨਾਲ ਜੁੜੇ ਕੰਮਾਂ ਨੂੰ ਛੱਡ ਕੇ ਸਿਰਫ ਉਨ੍ਹਾਂ ਦੇ ਨਾਟਕਾਂ ਦੇ ਲਿਖਤ-ਪਾਠ ਨੂੰ ਹੀ ਸਾਹਮਣੇ ਰੱਖਿਆ ਗਿਆ ਹੈ।

ਸਾਡੇ ਅਧਿਐਨ ਦਾ ਮੰਤਵ ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚੋਂ ਪ੍ਰਤੀਬਿੰਬਤ ਹੁੰਦੀ ਰਾਜਸੀ ਚੇਤਨਾ ਨੂੰ ਨਿਰਧਾਰਿਤ ਕਰਨਾ ਹੈ ਪਰ ਗੁਰਸ਼ਰਨ ਸਿੰਘ ਜੀ ਆਪਣੀ ਰਾਜਸੀ ਸੋਚ ਬਾਰੇ ਬਹੁਤ ਕੁਝ ਸਵੈ-ਬਿਆਨ ਦੇ ਰੂਪ ਵਿਚ ਲਿਖ ਬੋਲ ਚੁੱਕੇ ਹਨ ਅਤੇ ਉਨ੍ਹਾਂ ਦੇ ਨਾਟਕ ਵੀ ਆਪਣੇ ਆਪ ਵਿਚ ਕਾਫ਼ੀ ਹੱਦ ਤਕ ਸਪੱਸ਼ਟ ਹੁੰਦੇ ਹਨ। ਉਨ੍ਹਾਂ ਦੀ ਕਥਨੀ ਅਤੇ ਕਹਿਣੀ ਭਾਵ ਨਾਟਕਾਂ ਅਤੇ ਸੋਚ ਵਿਚ ਕੋਈ ਫਰਕ ਨਹੀਂ ਹੈ। ਇਸ ਪੱਖੋਂ ਗੁਰਸ਼ਰਨ ਸਿੰਘ ਬਿਨਾਂ ਕਿਸੇ ਲੁਕ-ਲੁਕਾਅ ਦੇ ਮਾਰਕਸਵਾਦੀ ਦਰਸ਼ਨ ਤੋਂ ਪ੍ਰਭਾਵਿਤ ਅਤੇ ਸਮਾਜ ਨਾਲ ਪ੍ਰਤੀਬੱਧ ਨਾਟਕਕਾਰ ਹੈ। ਉਹਦਾ ਹਰ ਨਾਟਕ ਉਹਦੇ ਆਪਣੇ ਕਥਨ ਅਨੁਸਾਰ ਵੀ ਅਤੇ ਨਾਟਕ ਆਪਣੇ ਵਿਸ਼ੇ ਅਤੇ ਨਿਭਾਅ ਕਾਰਨ ਵੀ ਉਹਦੇ ਪ੍ਰਗਤੀਵਾਦੀ ਵਿਚਾਰਾਂ ਦਾ ਪ੍ਰਚਾਰ ਹੈ। ਉਹ ਭਾਵੇਂ ਕਮਿਊਨਿਸਟ ਪਾਰਟੀ ਜਾਂ ਵਿਸ਼ੇਸ਼ ਗਰੁੱਪ ਨਾਲ ਬੱਝਿਆ ਹੋਇਆ ਨਹੀਂ, ਪਰ ਫੇਰ ਵੀ ਉਹਨਾਂ ਦੇ ਬਹੁਤੇ ਨਾਟਕਾਂ ਵਿਚ ਨਕਸਲਬਾੜੀ ਗਰੁੱਪਾਂ ਦੀ ਵਿਚਾਰਧਾਰਾ ਨਾਲ ਅਸਰ ਲੱਭਿਆ ਜਾ ਸਕਦਾ ਹੈ। ਉੱਪਰ ਦਿੱਤੇ ਵੇਰਵੇ ਦੀ ਪੁਸ਼ਟੀ ਲਈ ਉਨ੍ਹਾਂ ਦੇ ਨਾਟਕਾਂ ਵਿਚੋਂ ਕਈ ਉਦਾਹਰਣਾਂ ਦਿੱਤੀਆਂ

ਜਾ ਸਕਦੀਆਂ ਹਨ। ਪਰ ਇਹ ਅਸਲ ਵਿਚ ਇਕਹਿਰਾ ਅਤੇ ਸਤਹੀ ਪੱਧਰ ਦਾ ਕਾਰਜ ਹੈ। ਅਸਲ ਕਾਰਜ ਸਮਕਾਲੀ ਯਥਾਰਥ ਨੂੰ ਨਾਟਕੀ ਰੂਪਾਂਤਰ ਵਿਚ ਢਾਲਦਿਆਂ ਰਾਜਸੀ ਚੇਤਨਾ ਕਿਵੇਂ ਅਸਰ ਅੰਦਾਜ਼ ਹੁੰਦੀ ਹੈ, ਇਸ ਪ੍ਰਕਿਰਿਆ ਨੂੰ ਸਪੱਸ਼ਟ ਕਰਨਾ ਹੈ।

ਮਨੁੱਖ ਆਪਣੇ ਆਲੇ-ਦੁਆਲੇ ਤੋਂ ਜੋ ਕੁਝ ਮਹਿਸੂਸ ਕਰਦਾ ਹੈ, ਉਹੀ ਉਸਦੀ ਚੇਤਨਾ ਨੂੰ ਪ੍ਰਭਾਵਿਤ ਕਰਦਾ ਹੈ। ਕਿਸੇ ਮਨੁੱਖ ਦੀ ਰਾਜਸੀ ਚੇਤਨਾ ਉਸਦੀ ਸਮੁੱਚੀ ਚੇਤਨਾ ਦੇ ਅੰਤਰਗਤ ਆਉਂਦੀ ਹੈ। ਜ਼ਿੰਦਗੀ ਦੀਆਂ ਮਹੱਤਵਪੂਰਨ ਸਰਗਰਮੀਆਂ ਨੂੰ ਰਾਜਸੀ ਸਮਾਚਾਰ ਪ੍ਰਭਾਵਿਤ ਕਰਦੇ ਹਨ, ਇਸ ਕਾਰਨ ਰਾਜਸੀ ਚੇਤਨਾ ਨੂੰ ਵੱਖਰੇ ਰੂਪ ਵਿਚ ਅਧਿਐਨ ਅਧੀਨ ਲਿਆਂਦਾ ਜਾਣਾ ਮਹੱਤਵਪੂਰਨ ਬਣ ਜਾਂਦਾ ਹੈ। ਮਾਰਕਸਵਾਦੀ ਦੀ ਸਮੀਖਿਆ ਅਨੁਸਾਰ ਹਰ ਵਿਅਕਤੀ ਆਪਣੀ ਜਮਾਤੀ ਸਥਿਤੀ ਅਨੁਸਾਰੀ ਰਾਜਸੀ-ਚੇਤਨਾ ਗ੍ਰਹਿਣ ਕਰਦਾ ਹੈ। ਪਰ ਕਲਾਕਾਰ ਆਪਣੀ ਰਾਜਸੀ-ਚੇਤਨਾ ਦੀ ਚੋਣ ਲਈ ਵਧੇਰੇ ਸੁਤੰਤਰ ਹੁੰਦਾ ਹੈ ਕਿ ਉਸਨੇ ਕਿਹੜੇ ਪਾਸੇ ਖੜਾ ਹੋਣਾ ਹੈ। ਗੁਰਸ਼ਰਨ ਸਿੰਘ ਉੱਚ ਮੱਧ ਵਰਗ ਨਾਲ ਸੰਬੰਧਿਤ ਸੀ। ਉਨ੍ਹਾਂ ਦੇ ਆਪਣੇ ਸਵੈ-ਕਥਨ ਅਨੁਸਾਰ 'ਮੈਂ ਚਾਂਦੀ ਦਾ ਚਮਚਾ ਮੂੰਹ ਵਿਚ ਲੈ ਕੇ ਜੰਮਿਆਂ ਸੀ'। ਪਰ ਉਨ੍ਹਾਂ ਦੀ ਰਾਜਸੀ-ਚੇਤਨਾ ਮਜ਼ਦੂਰਾਂ-ਕਿਸਾਨਾਂ ਨਾਲ ਖੜਦੀ ਹੈ। ਗੁਰਸ਼ਰਨ ਸਿੰਘ ਦੀ ਜਮਾਤੀ ਸਥਿਤੀ ਅਤੇ ਰਾਜਸੀ-ਚੇਤਨਾ ਵਿਚ ਫ਼ਰਕ ਹੈ। ਇਸਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਵੇਂ ਕਲਾਕਾਰ ਦੀ ਰਾਜਸੀ-ਦ੍ਰਿਸ਼ਟੀ ਉਸ ਦੀ ਜਮਾਤੀ ਸਥਿਤੀ ਦੇ ਨੇੜੇ ਤੇੜੇ ਹੀ ਰਹਿੰਦੀ ਹੈ, ਪਰ ਕਲਾਕਾਰ ਆਪਣੀ ਚੋਣ ਵਿਚ ਦੂਜਿਆਂ ਦੇ ਮੁਕਾਬਲੇ ਵਧੇਰੇ ਸੁਤੰਤਰ ਹੁੰਦਾ ਹੈ। ਗੁਰਸ਼ਰਨ ਸਿੰਘ ਦੀ ਰਾਜਸੀ ਚੇਤਨਾ ਫਿਰਕੂਪੁਣੇ ਦੀ ਥਾਂ, ਧਰਮ ਨਿਰਪੱਖਤਾ ਸਥਾਪਤੀ ਪੱਖੀ ਦੀ ਥਾਂ ਸਥਾਪਤੀ ਵਿਰੋਧ, ਲੁੱਟਣ ਵਾਲਿਆਂ ਦੀ ਥਾਂ ਮਿਹਨਤਕਸ਼ ਲੋਕਾਂ ਦਾ ਪੱਖ ਚੁਣਦੀ ਹੈ।

ਮਾਰਕਸਵਾਦੀ ਸਾਹਿਤ-ਸ਼ਾਸ਼ਤਰ ਅਨੁਸਾਰ ਹਰ ਲੇਖਕ ਦੀ ਸਾਹਿਤਿਕ ਕਿਰਤ ਵਿਚ ਉਸਦੀ ਵਿਚਾਰਧਾਰਾ ਸਮਾਈ ਹੁੰਦੀ ਹੈ। ਕੋਈ ਵੀ ਕਿਰਤ ਵਿਚਾਰਧਾਰਾ ਤੋਂ ਮੁਕਤ ਨਹੀਂ ਹੋ ਸਕਦੀ, ਲੇਖਕ ਦਾ ਸਾਹਿਤਿਕ ਕਿਰਤ ਵਿਚ ਪੇਸ਼ ਵਿਚਾਰਧਾਰਾ ਤੋਂ ਮੁਕਤ ਹੋਣਾ ਇਕ ਵੱਖਰਾ ਮਸਲਾ ਹੈ। ਇਸ ਵਿਚਾਰਧਾਰਾ ਤੋਂ ਉਸਦੀ ਰਾਜਸੀ-ਚੇਤਨਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਪ੍ਰਕਾਰ ਹਰ ਲੇਖਕ ਦੀ ਹਰ ਰਚਨਾ ਵਿਚ ਰਾਜਸੀ ਚੇਤਨਾ ਸਮਾਈ ਹੁੰਦੀ ਹੈ। ਪਰ ਰਾਜਸੀ ਵਿਸ਼ਿਆਂ ਤੇ ਨਾਟਕ ਲਿਖਣ ਅਤੇ ਹਰ ਨਾਟਕ ਵਿਚ ਰਾਜਸੀ ਦ੍ਰਿਸ਼ਟੀ ਸਮਾਈ ਹੋਣ ਵਿਚ ਫਰਕ ਹੈ। ਗੁਰਸ਼ਰਨ ਸਿੰਘ ਦੀ ਇਕ ਪਾਸੇ ਤਾਂ ਦ੍ਰਿਸ਼ਟੀ ਰਾਜਸੀ ਹੈ, ਦੂਜੇ ਪਾਸੇ ਉਨ੍ਹਾਂ ਦੇ ਨਾਟਕ ਦੇ ਵਿਸ਼ੇ ਵੀ ਰਾਜਸੀ ਹੀ ਹਨ। ਗੁਰਸ਼ਰਨ ਸਿੰਘ ਤੋਂ ਪੂਰਬਲੇ ਨਾਟਕਕਾਰ ਸਿਆਸੀ ਵਿਸ਼ਿਆਂ ਤੇ ਬਹੁਤ ਘੱਟ ਨਾਟਕ ਲਿਖਦੇ ਸਨ ਅਤੇ ਸਮਕਾਲੀ ਨਾਟਕਾਰ ਇਨ੍ਹਾਂ ਦੇ ਮੁਕਾਬਲੇ ਇਸ ਵਿਸ਼ੇ ਨੂੰ ਆਪਣੇ ਨਾਟਕ ਦਾ ਕੇਂਦਰੀ ਥੀਮ ਘੱਟ ਹੀ ਬਣਾਉਂਦੇ ਹਨ। ਗੁਰਸ਼ਰਨ ਸਿੰਘ ਦੀ ਇਹ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਰਾਜਸੀ ਵਿਸ਼ਿਆਂ ਤੇ ਨਾਟਕ ਲਿਖੇ। ਪਰ ਸਾਡੇ

ਲਈ ਉਨ੍ਹਾਂ ਦੇ ਵਿਸ਼ਿਆਂ ਨਾਲੋਂ ਉਨ੍ਹਾਂ ਦੀ ਦ੍ਰਿਸ਼ਟੀ ਵਧੇਰੇ ਮਹੱਤਵਪੂਰਨ ਹੈ।

ਇਤਿਹਾਸ ਨੇ ਆਪਣੇ ਆਪ ਤੇ ਵਸਤੂ-ਪਰਕ ਹੋਣ ਦਾ ਕੱਜਣ ਪਾਇਆ ਹੁੰਦਾ ਹੈ, ਪਰ ਅਸਲ ਵਿਚ ਇਤਿਹਾਸ ਬੀਤੇ ਵਿਚ ਹੋਈਆਂ/ਨਾ ਹੋਈਆਂ ਘਟਨਾਵਾਂ ਨੂੰ ਸਮਕਾਲੀ ਆਰਥਿਕ-ਰਾਜਨੀਤਕ ਪਰਿਪੇਖ ਵਿਚੋਂ ਉਪਜੀਆਂ ਰਾਜਸੀ ਇਛਾਵਾਂ ਅਨੁਸਾਰ ਢਾਲਿਆ ਜਾਂਦਾ ਹੈ। ਆਰਥਿਕ ਸਾਧਨਾਂ/ਰਾਜਸੱਤਾ ਤੇ ਕਾਬਜ਼ ਸ਼੍ਰੇਣੀਆਂ ਇਤਿਹਾਸ ਨੂੰ ਆਪਣੇ ਰੰਗ ਵਿਚ ਰੰਗਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਪ੍ਰਕਾਰ ਅਸਲ ਇਤਿਹਾਸ ਅਤੇ ਰਾਜ ਸ਼੍ਰੇਣੀ ਵੱਲੋਂ ਪ੍ਰਚਾਰੇ-ਲਿਖਵਾਏ ਇਤਿਹਾਸ ਵਿਚ ਪਾੜਾ ਪੈਣਾ ਸ਼ੁਰੂ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਗੁਰਸ਼ਰਨ ਸਿੰਘ ਆਪਣੇ ਇਤਿਹਾਸਕ-ਮਿਥਿਹਾਸਕ ਨਾਟਕਾਂ ਵਿਚ ਇਤਿਹਾਸ ਦੀ ਆਪਣੇ ਰਾਜਸੀ ਦ੍ਰਿਸ਼ਟੀਕੋਣ ਤੋਂ ਪੁਨਰ-ਵਿਆਖਿਆ ਪੇਸ਼ ਕਰਦੇ ਹਨ। ਇਸ ਸੰਬੰਧੀ ਉਨ੍ਹਾਂ ਦੇ ਪੂਰੇ ਨਾਟਕ 'ਸੀਸ ਤਲੀ ਤੇ', 'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ', 'ਧਮਕ ਨਗਾਰੇ ਦੀ' ਅਤੇ ਇਕਾਂਗੀ-ਨਾਟਕ 'ਵੰਗਾਰ' ਅਤੇ 'ਇਨਕਲਾਬ ਜ਼ਿੰਦਾਬਾਦ' ਪੜ੍ਹੇ/ਵੇਖੇ ਜਾ ਸਕਦੇ ਹਨ।

ਜਦੋਂ ਦੇਸ਼ ਗੁਲਾਮ ਸੀ ਤਾਂ ਆਜ਼ਾਦੀ ਲਈ ਬਹੁਤ ਸਾਰੀਆਂ ਧਿਰਾਂ ਕਾਰਜਸ਼ੀਲ ਸਨ। ਉਨ੍ਹਾਂ ਵਿਚੋਂ ਕਾਂਗਰਸ ਸਮੇਤ ਕਈ ਧਿਰਾਂ ਜਨਤਕ ਅੰਦੋਲਨ ਕਰ ਰਹੀਆਂ ਸਨ। ਦੂਜੇ ਪਾਸੇ ਸ਼ਹੀਦ ਭਗਤ ਸਿੰਘ ਹੋਰਾਂ ਸਮੇਤ ਕਈ ਧਿਰਾਂ ਭੂਮੀਗਤ ਹਥਿਆਰ ਬੰਦ ਸੰਘਰਸ਼ ਕਰ ਰਹੀਆਂ ਸਨ। ਦੋਹਾਂ ਅੰਦੋਲਨਾਂ ਦੀ ਆਪਣੀ ਮਹੱਤਤਾ ਸੀ ਪਰ ਕਿਉਂਕਿ ਅੰਗਰੇਜ਼ਾਂ ਨੇ ਆਪਣੇ ਹਿੱਤਾਂ ਕਾਰਨ ਰਾਜਸੱਤਾ ਕਾਂਗਰਸ ਨੂੰ ਸੌਂਪੀ, ਇਸ ਕਾਰਨ ਆਜ਼ਾਦੀ ਤੋਂ ਬਾਦ ਦੇਸ਼ ਨੂੰ ਆਜ਼ਾਦੀ ਦੁਆਉਣ ਲਈ ਮੁਖ ਦਾਅਵੇਦਾਰ ਸਿਰਫ ਕਾਂਗਰਸ ਪਾਰਟੀ ਬਣ ਗਈ ਅਤੇ ਦੂਜੇ ਦੇਸ਼ ਭਗਤ ਆਜ਼ਾਦੀ ਪਰਵਾਨਿਆਂ ਦੀਆਂ ਕੁਰਬਾਨੀਆਂ ਅੱਖੋਂ ਉਹਲੇ ਹੋਣ ਲੱਗ ਪਈਆਂ। ਰਾਜ ਕਰ ਰਹੀ ਸ਼੍ਰੇਣੀ ਨੇ ਆਜ਼ਾਦੀ ਦੇ ਇਤਿਹਾਸ ਨੂੰ ਕਾਂਗਰਸ ਪਾਰਟੀ ਦੇ ਇਤਿਹਾਸ ਤੱਕ ਸੀਮਤ ਕਰ ਲਿਆ, ਅਜਿਹਾ ਕਰਨਾ ਬਹੁਤ ਵੱਡੇ ਅਰਥ ਰੱਖਦਾ ਹੈ, ਇਸਦੇ ਸਿੱਟੇ ਬੜੇ ਦੂਰਦਰਸ਼ੀ ਹਨ। ਗੁਰਸ਼ਰਨ ਸਿੰਘ ਰਾਜ ਕਰ ਰਹੀ ਸ਼੍ਰੇਣੀ ਦੀ ਇਸ ਚਲਾਕੀ ਨੂੰ ਨੰਗਾ ਕਰਨ ਲਈ ਆਜ਼ਾਦੀ ਦੇ ਇਤਿਹਾਸ ਨੂੰ ਨਾਟਕੀ ਰੂਪਾਂਤਰਨ ਦਿੰਦਾ ਹੈ। 'ਸੀਸ ਤਲੀ ਤੇ' ਨਾਟਕ ਦੇਸ਼ ਦੀ ਆਜ਼ਾਦੀ ਲਈ ਚੱਲੀ ਬੱਬਰ ਅਕਾਲੀ ਲਹਿਰ ਨਾਲ ਸੰਬੰਧਤ ਹੈ। ਬਰੈਖ਼ਤੀਅਨ ਸ਼ੈਲੀ ਵਿਚ ਅਸਲ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ 'ਬੱਬਰਾਂ ਦੀ ਤਕਰੀਰ' ਦੁਆਰਾ ਗੁਰਸ਼ਰਨ ਸਿੰਘ ਇਤਿਹਾਸ ਰਾਹੀਂ ਆਪਣੀ ਵਿਸ਼ੇਸ਼ ਰਾਜਸੀ ਦ੍ਰਿਸ਼ਟੀ ਨੂੰ ਸਪੱਸ਼ਟ ਕਰ ਦਿੰਦਾ ਹੈ:

> ...ਅੰਗਰੇਜ਼ ਦੇ ਖਿਲਾਫ ਲੜਨ ਲਈ ਸਾਡੇ ਲਈ ਦੋ ਰਾਹ ਹਨ—ਇਕ ਮਹਾਤਮਾ ਗਾਂਧੀ ਦਾ ਸ਼ਾਂਤਮਈ ਰਾਹ ਤੇ ਦੂਸਰਾ ਸਰਗਰਮ ਬਗਾਵਤ ਦਾ ਰਾਹ-ਜਿਸ ਵਿਚ ਹਥਿਆਰਾਂ ਦੀ ਵਰਤੋਂ ਜਾਇਜ਼ ਤੇ ਜ਼ਰੂਰੀ ਮੰਨੀ ਜਾਂਦੀ ਹੈ—ਸਾਡੇ ਲੋਕਾਂ ਨੇ ਸ਼ਾਂਤਮਈ ਸੰਘਰਸ਼ ਚਲਾਕੇ ਵੇਖ ਲਏ ਅਤੇ ਅਸੀਂ ਵੇਖਿਆ ਕਿ ਸਾਨੂੰ ਕਿੰਨੀ ਬੇਰਹਿਮੀ ਨਾਲ ਦਬਾਇਆ ਗਿਆ ਹੈ,

ਜਲ੍ਹਿਆਂ ਵਾਲੇ ਬਾਗ ਨਿਹੱਥਿਆਂ ਤੇ ਗੋਲੀਆਂ ਚਲਾਈਆਂ, ਗੁਰੂ ਕੇ ਬਾਗ ਸਾਨੂੰ ਬੇਦਰਦੀ ਨਾਲ ਕੁੱਟਿਆ, ਅਸੀਂ ਇਸ ਨਤੀਜੇ ਤੇ ਪੁੱਜੇ ਹਾਂ ਕਿ ਫਰੰਗੀ ਸ਼ਾਂਤਮਈ ਰਾਹ ਨਹੀਂ ਸਮਝਦੇ... ਅਸੀਂ ਸੰਘਰਸ਼ ਕਰਨੇ ਹਾਂ, ਹਥਿਆਰ ਚੁਕਨੇ ਹਾਂ, ਕਿਸ ਲਈ, ਸਿਰਫ ਆਜ਼ਾਦੀ ਲਈ—ਸਿਰਫ ਆਜ਼ਾਦੀ ਲਈ।

**(ਸੀਸ ਤਲੀ 'ਤੇ, ਪੰਨਾ 6 ਤੇ 7)**

ਇਸ ਨਾਟਕ ਦੀ ਸਮੁੱਚੀ ਕਹਾਣੀ ਬੱਬਰ ਅਕਾਲੀ ਲਹਿਰ ਦੇ ਪਿਛੋਕੜ ਵਿਚ ਬੱਬਰ ਅਕਾਲੀਆਂ ਦਾ ਜੀਵਨ, ਉਨ੍ਹਾਂ ਦੇ ਆਪਣੇ ਘਰਦਿਆਂ ਨਾਲ ਸੰਬੰਧ, ਉਨ੍ਹਾਂ ਦੇ ਅੰਗਰੇਜ਼ ਪੱਖੀ ਟੋਡੀਆਂ ਨੰਬਰਦਾਰਾਂ, ਜ਼ੈਲਦਾਰਾਂ ਤੇ ਐਕਸ਼ਨ, ਪੁਲੀਸ ਦਾ ਦਖਲ ਆਦਿ ਨਾਲ ਸੰਬੰਧਿਤ ਹੈ। ਨਾਟਕਕਾਰ ਇਸ ਨਾਟਕ ਵਿਚ ਭੂਮੀਗਤ ਹਥਿਆਰਬੰਦ ਸੰਘਰਸ਼ ਦੇ ਹਰ ਪੱਖ ਅਤੇ ਸਮੱਸਿਆ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਵਿਸ਼ੇਸ਼ ਰਾਜਸੀ ਦ੍ਰਿਸ਼ਟੀ ਤੋਂ ਉਸਦਾ ਹੱਲ ਪੇਸ਼ ਕਰਦਾ ਹੈ।

ਇਸੇ ਪ੍ਰਕਾਰ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਨਾਲ ਸੰਬੰਧਿਤ ਇਕਾਂਗੀ 'ਵੰਗਾਰ' ਵਿਚ 1907 ਤੋਂ ਲੈ ਕੇ 1931 ਤੱਕ ਪੰਜਾਬ ਵਿਚ ਚੱਲੀਆਂ ਅੰਗਰੇਜ਼ ਸਾਮਰਾਜ ਵਿਰੋਧੀ ਹਥਿਆਰ ਬੰਦ ਅਤੇ ਜਨਤਕ ਲਹਿਰਾਂ ਦੋਹਾਂ ਦੀ ਤਸਵੀਰਕਸ਼ੀ ਕੀਤੀ ਹੈ। ਜਿਥੇ ਇਸ ਇਕਾਂਗੀ ਵਿਚ ਸ. ਅਜੀਤ ਸਿੰਘ ਹੋਰਾਂ ਦੀ 'ਪਗੜੀ ਸੰਭਾਲ ਜੱਟਾ' ਅਤੇ ਜਲ੍ਹਿਆਂ ਵਾਲੇ ਬਾਗ ਦੀਆਂ ਜਨਤਕ ਸਰਗਰਮੀਆਂ ਦੀਆਂ ਘਟਨਾਵਾਂ ਹਨ, ਉਥੇ ਗਦਰੀਆਂ, ਬੱਬਰ ਅਕਾਲੀ ਅਤੇ ਭਗਤ ਸਿੰਘ ਹੋਰਾਂ ਦੀ ਨੌਜੁਆਨ ਭਾਰਤ ਸਭਾ ਦੀ ਭੂਮੀਗਤ ਹਥਿਆਰਬੰਦ ਸੰਘਰਸ਼ ਸਮਾਚਾਰ ਵੀ ਹਨ। ਲੇਖਕ ਇਤਿਹਾਸਕ ਘਟਨਾਵਾਂ ਨੂੰ ਨਾਟਕੀ ਘਟਨਾ-ਵਿਉਂਤ ਵਿਚ ਇਸ ਤਰੀਕੇ ਨਾਲ ਬੰਨ੍ਹਦਾ ਹੈ ਕਿ ਸਥਿਤੀ ਦਾ ਨਿਆਂ ਇਹ ਬਣਦਾ ਹੈ ਕਿ ਜੇ ਜਨਤਕ ਹੀਲੇ ਮੁਕ ਜਾਣ ਤਾਂ ਹਥਿਆਰਬੰਦ ਸੰਘਰਸ਼ ਹੀ ਇਕੋ ਇਕ ਰਾਹ ਹੈ। ਲੇਖਕ ਅਜਿਹਾ ਕਰਕੇ ਇਕ ਪਾਸੇ ਤਾਂ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਨੂੰ ਰਾਜ ਕਰ ਰਹੀ ਸ਼੍ਰੇਣੀ ਵਲੋਂ ਕਾਂਗਰਸੀਕਰਨ ਦੇ ਅਮਲ ਤੇ ਰੋਕ ਲਾਉਂਦਾ ਹੈ, ਦੂਜੇ ਪਾਸੇ ਉਹ ਕਾਂਗਰਸ ਵੱਲੋਂ ਅਣਗੌਲੇ ਕੀਤੇ ਜਾ ਰਹੇ ਗ਼ੈਰ-ਕਾਂਗਰਸੀ ਦੇਸ਼ ਭਗਤ ਤਾਕਤਾਂ ਦੇ ਯੋਗਦਾਨ ਨੂੰ ਸਾਹਮਣੇ ਲਿਆਉਂਦਾ ਹੈ। ਪਰ ਇਸ ਰਾਜਸੀ ਦ੍ਰਿਸ਼ਟੀ ਦਾ ਇਕ ਹੋਰ ਅਰਥ ਵੀ ਸੀ ਜੋ ਨਕਸਲਬਾੜੀ ਦੌਰ ਸਮੇਂ ਜਨਤਕ ਸੰਘਰਸ਼ ਨਾਲੋਂ ਹਥਿਆਰਬੰਦ ਸੰਘਰਸ਼ ਨੂੰ ਵਾਜਬ ਠਹਿਰਾਉਣ ਵਿਚ ਵੇਖਿਆ ਜਾ ਸਕਦਾ ਹੈ। ਗੁਰਸ਼ਰਨ ਸਿੰਘ ਦੀ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬੱਧ ਕਮਿਊਨਿਸਟ ਪਾਰਟੀਆਂ/ਗਰੁੱਪਾਂ ਵਿਚੋਂ ਸੀ. ਪੀ. ਆਈ ਅਤੇ ਸੀ. ਪੀ. ਐਮ ਨਾਲੋਂ ਨਕਸਲਬਾੜੀ ਗਰੁੱਪਾਂ ਨਾਲ ਵਧੇਰੇ ਸਾਂਝ ਸੀ। ਕਮਿਊਨਿਸਟ ਪਾਰਟੀਆਂ ਦੇ ਮੁਕਾਬਲੇ ਨਕਸਲਬਾੜੀ ਗਰੁੱਪ ਹਥਿਆਰਬੰਦ ਸੰਘਰਸ਼ ਦਾ ਨਾਅਰਾ ਲੈ ਕੇ ਆਏ ਸਨ, ਅਜਿਹੇ ਸਮੇਂ ਗੁਰਸ਼ਰਨ ਦੇ ਆਜ਼ਾਦੀ ਦੇ ਇਤਿਹਾਸ ਨਾਲ ਸੰਬੰਧਿਤ ਨਾਟਕਾਂ ਵਿਚ ਹਥਿਆਰਬੰਦ ਰਾਹ ਦੀ ਗਲ ਕਰਨੀ ਵਿਸ਼ੇਸ਼ ਅਰਥ ਰੱਖਦੇ ਹਨ। ਗੁਰਸ਼ਰਨ ਸਿੰਘ ਆਜ਼ਾਦੀ ਦੇ ਇਤਿਹਾਸ ਨਾਲ

ਸੰਬੰਧਿਤ ਨਾਟਕਾਂ ਵਿਚ ਦੋ ਧਿਰਾਂ ਨੂੰ ਪੇਸ਼ ਕਰਦਾ ਹੈ, ਇਕ ਧਿਰ ਸਿਰਫ਼ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਬਦਲੇ ਬਗ਼ੈਰ ਅੰਗਰੇਜ਼ਾਂ ਦੀ ਥਾਂ ਖੁਦ ਰਾਜ ਕਰਨਾ ਚਾਹੁੰਦੀ ਸੀ, ਇਹ ਧਿਰ ਮੋਟੇ ਤੌਰ ਤੇ ਕਾਂਗਰਸ ਦੀ ਅਗਵਾਈ ਹੇਠ ਜਨਤਕ ਲਹਿਰ ਖੜੀ ਕਰ ਰਹੀ ਸੀ। ਦੂਜੀ ਧਿਰ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਲਈ ਹਥਿਆਰਬੰਦ ਸੰਘਰਸ਼ ਕਰ ਰਹੀ ਸੀ। ਨਾਟਕਕਾਰ 'ਬੁਨਿਆਦੀ ਤਬਦੀਲੀ' ਅਤੇ 'ਸਤਾ ਵਿਚ ਤਬਦੀਲੀ' ਵਿਚ ਨਿਖੇੜਾ ਥਾਪਦਾ ਹੈ, ਜੋ ਅਮਲੀ ਵਿਵਹਾਰ ਵਿਚ 'ਹਥਿਆਰਬੰਦ ਬਗਾਵਤ' ਅਤੇ 'ਸ਼ਾਂਤਮਈ ਰਾਹ' ਵਿਚ ਵੱਟ ਜਾਂਦੇ ਹਨ। ਇਸੇ ਪ੍ਰਸੰਗ ਵਿਚ ਸਾਹਿਤ-ਸ਼ਾਸ਼ਤਰ ਨਾਲ ਸੰਬੰਧਿਤ ਮਸਲਾ ਉਠ ਖੜ੍ਹਦਾ ਹੈ। ਇਹ ਨਾਟਕ 'ਆਜ਼ਾਦੀ-ਇਤਿਹਾਸ' ਦੀ ਪੁਨਰ ਵਿਆਖਿਆ ਹੋਣ ਦੇ ਨਾਲੋ-ਨਾਲ ਨਕਸਲਬਾੜੀ ਲਹਿਰ ਲਈ ਉਤਸ਼ਾਹੀ ਪ੍ਰੇਰਨਾ ਵੀ ਸੀ। ਪਰ ਬਾਦ ਵਿਚ ਇਹੀ ਨਾਟਕ ਖਾੜਕੂ ਲਹਿਰ ਨੂੰ ਵੀ ਉਹ ਪ੍ਰੇਰਨਾ ਦੇਣ ਦੇ ਸਮਰਥ ਸੀ, ਹਾਲਾਂਕਿ ਨਾਟਕਕਾਰ ਦਾ ਅਜਿਹਾ ਕੋਈ ਸੁਚੇਤ ਪ੍ਰਯੋਜਨ ਨਹੀਂ ਸੀ। ਭਾਵ ਸਾਹਿਤਕ ਕਿਰਤ ਹੋਂਦ ਵਿਚ ਆਉਣ ਤੋਂ ਬਾਦ ਆਪਣੇ ਕਰਤਾ ਤੋਂ ਆਜ਼ਾਦ ਹੋ ਜਾਂਦੀ ਹੈ।

'ਚਾਂਦਨੀ ਚੌਂਕ ਤੋਂ ਸਰਹਿੰਦ ਤੱਕ' ਗੁਰਸ਼ਰਨ ਸਿੰਘ ਜੀ ਦਾ ਪੂਰਾ ਨਾਟਕ ਹੈ ਜਿਸ ਵਿਚ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਲੈ ਕੇ ਬੰਦਾ ਬਹਾਦਰ ਦੇ ਸਰਹਿੰਦ ਫਤਿਹ ਕਰਨ ਤੱਕ ਦੇ ਇਤਿਹਾਸਕ ਸਮਾਚਾਰਾਂ ਨੂੰ ਨਾਟਕੀ ਕੌਸ਼ਲ ਨਾਲ ਬੰਨ੍ਹਿਆ ਹੈ। ਗੁਰਸ਼ਰਨ ਸਿੰਘ ਦੀ ਸਫ਼ਲਤਾ ਇਸ ਵਿਚ ਹੈ ਕਿ ਉਹ ਇਸ ਲੜਾਈ ਨੂੰ ਦੋ ਧਰਮਾਂ ਦੀ ਲੜਾਈ ਦੀ ਥਾਂ 'ਚੰਗਿਆਈ' ਅਤੇ 'ਬੁਰਾਈ' ਵਿਚ ਲੜਾਈ ਵਜੋਂ ਪੇਸ਼ ਕਰਦੇ ਹਨ, ਜਿਸ ਵਿਚ ਇਕ ਪਾਸੇ ਹਕੂਮਤੀ ਜਬਰ ਕਰਨ ਵਾਲੇ ਹਨ ਜੋ ਲੋਕਾਂ ਦੀ ਲੁਟ ਦੀ ਕਮਾਈ ਤੇ ਪਲਦੇ ਹਨ, ਦੂਜੇ ਪਾਸੇ ਮਿਹਨਤਕਸ਼ ਲੋਕ ਹਨ ਜੋ ਮਿਹਨਤ ਕਰਕੇ ਭੁੱਖੇ ਰਹਿੰਦੇ ਹਨ। ਜੇ ਕੋਈ ਧਿਰ ਜਬਰ ਕਰਦੀ ਹੈ ਤਾਂ ਜਬਰ ਦਾ ਟਾਕਰਾ ਕਰਨ ਵਾਲੇ ਵੀ ਪੈਦਾ ਹੋ ਜਾਂਦੇ ਹਨ। ਨਾਟਕਕਾਰ ਸਾਰੇ ਇਤਿਹਾਸਕ ਘਟਨਾ-ਕ੍ਰਮ ਨੂੰ ਆਪਣੀ ਮਾਰਕਸਵਾਦੀ ਸੂਝ ਅਨੁਸਾਰ ਜਮਾਤੀ ਰੰਗਣ ਦੇ ਦਿੰਦਾ ਹੈ। ਜਿਵੇਂ ਇਕ ਦਰਵੇਸ਼ ਔਰੰਗਜੇਬ ਨੂੰ ਪ੍ਰਸ਼ਨ ਕਰਦਾ ਹੈ :

> ਦਰਵੇਸ਼ : ਔਰੰਗਜੇਬ ਤੇਰੀ ਰਿਆਇਆ ਦੇ ਲੱਖਾਂ ਲੋਕਾਂ ਨੇ, ਜਿਨ੍ਹਾਂ ਨੂੰ ਦੋ ਵੇਲੇ ਦੀ ਰੋਟੀ ਨਹੀਂ ਮਿਲਦੀ, ਕਪੜਾ ਨਹੀਂ ਮਿਲਦਾ, ਜਿਨ੍ਹਾਂ ਦੇ ਸਿਰ ਤੇ ਛੱਤ ਨਹੀਂ, ਕੀ ਜੇਕਰ ਉਹ ਮੁਸਲਮਾਨ ਬਣ ਗਏ ਤਾਂ ਉਹਨਾਂ ਨੂੰ ਰੋਟੀ ਮਿਲ ਜਾਏਗੀ ? ਕਪੜਾ ਮਿਲ ਜਾਏਗਾ ? ਸਿਰ ਦੀ ਛੱਤ ਮਿਲ ਜਾਏਗੀ।

(ਚਾਂਦਨੀ ਚੌਂਕ ਤੋਂ ਸਰਹਿੰਦ ਤਕ, ਪੰਨਾ 10)

ਨਾਟਕਕਾਰ ਦੀ ਦ੍ਰਿਸ਼ਟੀ ਕਿਤੇ ਵੀ ਉਲਾਰ ਨਹੀਂ ਹੁੰਦੀ ਸਗੋਂ ਉਹ ਸੁਚੇਤ ਹੈ ਕਿ ਸਿੱਖ ਧਰਮ ਵਿਚ ਵੀ ਲੁਟੇਰਾ ਵਰਗ ਪੈਦਾ ਹੋ ਚੁੱਕਿਆ ਹੈ, ਜਿਵੇਂ ਮਸੰਦ ਗੁਰੂ-ਪੰਥ ਲਈ ਇਕੱਠੀ ਹੋਈ ਭੇਟਾ ਨੂੰ ਆਪ ਰੱਖਣ ਲੱਗ ਪਏ ਅਤੇ ਹੋਰ ਸਾਰੀਆਂ ਅਯਾਸ਼ੀਆਂ

ਕਰਨ ਲੱਗ ਪੈਂਦੇ ਹਨ। ਨਾਟਕਕਾਰ ਇਤਿਹਾਸਕ ਘਟਨਾਵਾਂ ਨੂੰ ਧਰਮ ਨਿਰਪੇਖ ਨਜ਼ਰੀਏ ਤੋਂ ਪੇਸ਼ ਕਰਦਾ ਹੈ, ਉਹ ਇਕ ਧਰਮ ਦਾ ਦੂਜੇ ਧਰਮ ਤੇ ਸਬਰ ਦੀ ਥਾਵੇਂ ਰਾਜ ਕਰ ਰਹੀ ਸ਼੍ਰੇਣੀ ਦੇ ਅਤੇ ਮਜ਼ਲੂਮ ਸ਼੍ਰੇਣੀ ਦੀ ਆਪਸੀ ਟੱਕਰ ਨੂੰ ਪੇਸ਼ ਕਰਦਾ ਹੈ। ਉਹ ਇਕ ਧਰਮ ਦੇ ਲੋਕਾਂ ਨੂੰ ਚੰਗਾ ਮਾੜਾ ਕਹਿਣ ਦੀ ਥਾਵੇਂ ਦੋਹਾਂ ਧਰਮਾਂ ਦੇ ਚੰਗਿਆਂ/ਮੰਦਿਆਂ ਦੀ ਪਛਾਣ ਕਰਾਉਂਦਾ ਹੈ। ਨਾਟਕਕਾਰ ਦੀ ਰਾਜਸੀ ਦ੍ਰਿਸ਼ਟੀ ਪਾਤਰਾਂ ਨੂੰ ਸੰਪਰਾਇਕ ਰੰਗ ਵਿਚ ਰੰਗਣ ਦੀ ਥਾਵੇਂ ਜਮਾਤੀ ਪਾਤਰਾਂ ਵਿਚੋਂ ਚਿਤਰਦੀ ਹੈ।

'ਧਮਕ ਨਗਾਰੇ ਦੀ' ਨਾਟਕ ਪੰਜਾਬੀ ਲੋਕਧਾਰਾ ਦੀ ਪ੍ਰਸਿੱਧ ਲੋਕ-ਗਾਥਾ 'ਦੁੱਲਾ ਭੱਟੀ' ਤੇ ਉਸਰੀ ਹੋਈ ਹੈ। ਲੋਕ ਨਾਇਕ ਵਜੋਂ ਦੁੱਲੇ ਦਾ ਬਿੰਬ ਰਾਜਸੀ ਸੱਤਾ ਤੋਂ ਆਕੀ, ਭਾਵ ਬਾਗੀ ਸੂਰਮੇ ਦਾ ਹੈ। ਇਸੇ ਬਿੰਬ ਨੂੰ ਨਾਟਕਕਾਰ ਨੇ ਨਵੇਂ ਅਰਥ ਦਿੱਤੇ ਹਨ। ਨਾਟਕਕਾਰ ਦਾ ਕਲਪਿਤ ਬਜ਼ੁਰਗ ਪਾਤਰ ਸਾਰੀ ਲੜਾਈ ਨੂੰ ਬਾਗੀ ਅਤੇ ਸਹਿਨਸ਼ਾਹ ਵਿਚ ਲੜਾਈ ਦੀ ਥਾਵੇਂ ਜਮਾਤੀ ਲੜਾਈ ਵੱਲ ਮੋੜ ਦਿੰਦਾ ਹੈ:

> ਬਜ਼ੁਰਗ : ਇਹ ਲੜਾਈ ਹੁਣ ਲਾਹੌਰ ਤੇ ਬਾਰ ਦੀ ਨਹੀਂ ਰਹੀ, ਵੱਡੀ ਲੜਾਈ ਹੋ ਗਈ ਏ—ਆਦਮ ਦੇ ਹੱਕਾਂ ਦੀ—ਇਕ ਪਾਸੇ ਅਸੀਂ ਹਾਂ, ਜਿਹੜੇ ਦਾਤਾਂ ਪੈਦਾ ਕਰਦੇ ਹਾਂ, ਦੂਜੇ ਪਾਸੇ ਉਹ ਨੇ ਵਿਹਲੜ ਹਰਾਮਖਾਣੇ, ਲਹੂ ਪੀਣੇ।

**(ਧਮਕ ਨਗਾਰੇ ਦੀ, ਪੰਨਾ 46)**

ਨਾਟਕਕਾਰ ਇਸ ਨਾਟਕ ਵਿਚ ਸਮੁੱਚੀ ਲੋਕ-ਗਾਥਾ ਨੂੰ ਹੀ ਨਵਾਂ ਮੋੜ ਦਿੰਦਾ ਹੈ। ਇਕ ਅੱਧ ਪਾਤਰ ਜਾਂ ਘਟਨਾ ਦੀ ਥਾਵਾਂ ਸਮੁੱਚਾ ਨਿਭਾਅ ਹੀ ਅਜਿਹਾ ਹੈ ਕਿ ਦੁੱਲੇ ਦਾ ਇਕ ਨਵਾਂ ਬਿੰਬ ਪੇਸ਼ ਹੁੰਦਾ ਹੈ। ਨਾਟਕਕਾਰ ਦੀ ਸਫਲਤਾ ਇਸ ਵਿਚ ਹੈ ਕਿ ਨਵਾਂ ਬਿੰਬ ਪਹਿਲਾਂ ਸਥਾਪਿਤ ਬਿੰਬ ਦੇ ਵਿਰੋਧ ਵਿਚ ਨਹੀਂ ਸਗੋਂ ਉਸਦਾ ਨਵਾਂ ਪਸਾਰ ਹੈ।

ਇਤਿਹਾਸ ਜਾਂ ਮਿਥਿਹਾਸ ਆਧਾਰਿਤ ਪੂਰੇ ਨਾਟਕਾਂ ਅਤੇ ਇਕਾਂਗੀਆਂ ਤੋਂ ਬਾਅਦ ਉਨ੍ਹਾਂ ਦੇ ਮੌਲਿਕ ਇਕਾਂਗੀਆਂ ਨੂੰ ਲੈਂਦੇ ਹਨ। ਇਨ੍ਹਾਂ ਨੂੰ 'ਹੋਰ ਸਮੱਸਿਆਵਾਂ' ਅਤੇ ਪੰਜਾਬ ਸਮੱਸਿਆਵਾਂ' ਨਾਲ ਸੰਬੰਧਿਤ ਇਕਾਂਗੀਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾਂ 'ਬੰਦ ਕਮਰੇ', 'ਜਦੋਂ ਰੋਸ਼ਨੀ ਹੁੰਦੀ ਹੈ', 'ਹਵਾਈ ਗੋਲੇ', 'ਸਿਉਂਕ', 'ਲੀਰਾਂ' ਵਰਗੇ ਇਕਾਂਗੀਆਂ ਬਾਰੇ ਇਕ ਸਾਂਝੀ ਧਾਰਣਾ ਬਣਾਈ ਜਾ ਸਕਦੀ ਹੈ ਕਿ ਭਾਵੇਂ ਇਨ੍ਹਾਂ ਦੇ ਵਿਸ਼ੇ ਵੱਖਰੇ ਹਨ ਪਰ ਇਕ ਗੱਲ ਇਨ੍ਹਾਂ ਵਿਚ ਸਾਂਝੀ ਹੈ ਕਿ ਲੇਖਕ ਮੌਜੂਦਾ ਰਾਜ ਪ੍ਰਬੰਧ ਨੂੰ ਪਸੰਦ ਨਹੀਂ ਕਰਦਾ, ਕਿਉਂਕਿ ਇਹ ਰਾਜ ਪ੍ਰਬੰਧ ਪੈਸੇ ਤੇ ਉਸਰਿਆ ਹੋਇਆ ਹੈ। ਇਸੇ ਕਰਕੇ ਬੇਰੋਜ਼ਗਾਰੀ, ਬੇਇਨਸਾਫ਼ੀ, ਭ੍ਰਿਸ਼ਟਾਚਾਰ, ਧੱਕੇਸ਼ਾਹੀ, ਚੋਰਬਾਜ਼ਾਰੀ ਅਤੇ ਅਲਾਮਤਾਂ ਸਿਰ ਚੁੱਕਦੀਆਂ ਹਨ। ਨਾਟਕਕਾਰ ਇਸ ਲੋਟੂ ਪ੍ਰਬੰਧ ਦੀ ਥਾਵੇਂ ਹੱਕ ਸੱਚ ਤੇ ਉਸਰਿਆਂ ਮਿਹਨਤੀ ਲੋਕਾਂ ਦਾ ਆਦਰਸ਼ ਰਾਜ-ਪ੍ਰਬੰਧ ਚਾਹੁੰਦਾ ਹੈ। ਆਪਣੀ ਇਸੇ ਲੋਚਾ ਕਾਰਨ ਨਾਟਕਕਾਰ ਮੌਜੂਦਾ ਰਾਜ-ਪ੍ਰਬੰਧ ਤੇ ਕਾਬਜ਼ ਰਾਜਸੀ ਨੇਤਾਵਾਂ ਦਾ ਮਖੌਲ

ਉਡਾਉਂਦਾ ਹੈ। 'ਹਵਾਈ ਗੋਲੇ' ਵਿਚ ਨਾਟਕਕਾਰ ਰਾਜ ਕਰ ਰਹੀ ਅਤੇ ਵਿਰੋਧੀ ਧਿਰ ਦੋਹਾਂ ਦੀ ਨਾਕਾਬਲੀਅਤ ਨੂੰ ਆਪਣੇ ਵਿਅੰਗ ਤੇ ਨਸ਼ਤਰ ਦੀ ਚੋਬ ਦਾ ਸ਼ਿਕਾਰ ਬਣਾਉਂਦਾ ਹੈ। ਸਰਕਾਰ ਲੋਕਾਂ ਦੀ ਬਿਹਤਰੀ ਲਈ ਕੋਈ ਠੋਸ ਪ੍ਰੋਗਰਾਮ ਦੇਣ ਦੀ ਥਾਂ ਹਵਾਈ ਗੋਲੇ ਛੱਡਦੀ ਰਹਿੰਦੀ ਹੈ ਅਤੇ ਵਿਰੋਧੀ ਪਾਰਟੀ ਵੀ ਸਾਰਥਿਕ ਭੂਮਿਕਾ ਨਿਭਾਉਣ ਦੀ ਥਾਵੇਂ ਆਪਣੀ ਹੋਂਦ ਕਾਇਮ ਰੱਖਣ ਲਈ ਲੱਗੀ ਰਹਿੰਦੀ ਹੈ। ਨਾਟਕਕਾਰ ਦੀ ਕਰਾਂਤੀਕਾਰੀ ਚੇਤਨਾ ਬੁਰਜੂਆ ਜਮੂਹਰੀਅਤ ਦੇ ਪਰਦੇ ਪਾੜ ਦਿੰਦੀ ਹੈ ਜਿਸ ਅਨੁਸਾਰ ਸਰਕਾਰ ਅਤੇ ਵਿਰੋਧੀ ਧਿਰ ਦੋਹਾਂ ਨੂੰ ਜਮੂਹਰੀਅਤ ਦੇ ਦੋ ਪਹੀਏ ਖਿਆਲ ਕੀਤਾ ਜਾਂਦਾ ਹੈ। ਨਾਟਕਕਾਰ ਦਰਸਾਉਂਦਾ ਹੈ ਕਿ ਇਹ ਵਾਕਈ ਦੋ ਹਿੱਸੇ ਹਨ ਜੋ ਲੋਕਾਂ ਦਾ ਕੁਝ ਸੰਵਾਰਨ ਦੀ ਥਾਵੇਂ ਲੋਕਾਂ ਦੀ ਕਮਾਈ ਤੇ ਪਲਣ ਵਾਲੇ ਹਨ ਅਤੇ ਇਕ ਦੂਜੇ ਦੇ ਸਹਾਰੇ ਆਪਣੇ ਹੋਂਦ ਬਣਾਈ ਰੱਖਦੇ ਹਨ। ਲੋਕਾਂ ਦੀਆਂ ਜਾਇਜ਼ ਮੰਗਾਂ ਤੇ ਇਕ ਦੂਜੇ ਨਾਲ ਲੜਨ ਦਾ ਪਾਖੰਡ ਕਰਦੇ ਹਨ, ਪਰ ਜਦੋਂ ਨਾਟਕ ਅੰਦਰ ਲੋਕ ਅਖੌਤੀ ਜਮੂਹਰੀਅਤ ਦੇ ਢਾਂਚੇ ਨੂੰ ਤਬਾਹ ਕਰ ਦਿੰਦੇ ਹਨ ਤਾਂ ਦੋਹਾਂ ਦਾ ਪੋਲ ਖੁਲ੍ਹ ਜਾਂਦਾ ਹੈ :

(ਸਰਕਾਰ ਅਤੇ ਆਪੋਜੀਸ਼ਨ ਥੱਲੇ ਡਿੱਗ ਜਾਂਦੇ ਹਨ, ਉਹ ਇਕ ਦੂਜੇ ਨੂੰ ਚੁੱਕਣ ਦੀ ਕੋਸ਼ਿਸ਼ ਕਰਦੇ ਹਨ)

ਸਰਕਾਰ : ਸਾਥੀਆ ਉੱਠ, ਤੂੰ ਖਲੋਏਂਗਾ ਤਾਂ ਹੀ ਮੈਂ ਖਲੋ ਸਕਾਂਗਾ।
ਆਪੋਜੀਸ਼ਨ : ਸਾਥੀਆ ਤੂੰ ਪਹਿਲੇ ਖਲੋ, ਤੇਰੇ ਆਸਰੇ ਹੀ ਮੈਂ ਖੜਾ ਸਾਂ।

**(ਬੰਦ ਕਮਰੇ ਤੇ ਹੋਰ ਨਾਟਕ, ਪੰਨਾ 69)**

ਇਹੋ ਵਿਧੀ ਸਿਉਂਕ ਵਿਚ ਵਰਤੀ ਗਈ ਹੈ। ਉਸ ਵਿਚ ਦਰਸਾਇਆ ਗਿਆ ਹੈ ਕਿ ਸਰਕਾਰ ਅਤੇ ਸਰਕਾਰ ਨਾਲ ਸੰਬੰਧਿਤ ਸਾਰੇ ਮਹਿਕਮਿਆਂ ਵਿਚ, ਖਾਸ ਕਰਕੇ ਵਿਦਿਅਕ ਮਹਿਕਮੇ ਦਾ ਭੱਠਾ ਬੈਠ ਗਿਆ ਹੈ। ਇਸਨੂੰ 'ਸਿਉਂਕ' ਲੱਗ ਚੁੱਕੀ ਹੈ। ਹੁਣ ਇਸਦਾ ਇਲਾਜ 'ਅੱਗ' ਹੈ। 'ਅੱਗ' ਦਾ ਪ੍ਰਤੀਕ ਉਸਦੀ ਦ੍ਰਿਸ਼ਟੀ ਰਾਜਸੀ ਦ੍ਰਿਸ਼ਟੀ ਵਿਚੋਂ ਨਿਕਲਿਆ ਹੈ, ਉਹ ਹੋਰ ਸਮਾਜ-ਸੁਧਾਰਕ ਨਾਟਕਕਾਰਾਂ ਵਾਂਗ ਇਸ ਪ੍ਰਬੰਧ ਵਿਚ ਕਿਸੇ ਸੁਧਾਰ ਦੀ ਆਸ ਨਹੀਂ ਕਰਦਾ, ਸਗੋਂ ਇਸਦਾ ਇਲਾਜ ਤਾਂ ਬੁਨਿਆਦੀ ਤਬਦੀਲੀ ਹੈ।

ਗੁਰਸ਼ਰਨ ਸਿੰਘ ਆਪਣੀ ਗੱਲ ਸਿੱਧੀ ਅਤੇ ਸਪੱਸ਼ਟ ਕਹਿਣੇ ਦੇ ਆਦੀ ਹਨ, ਪਰ 'ਬੰਦ ਕਮਰੇ' ਅਤੇ 'ਜਦੋਂ ਰੋਸ਼ਨੀ ਹੁੰਦੀ ਹੈ' ਉਨ੍ਹਾਂ ਦੇ ਪ੍ਰਤੀਕਾਤਮਕ ਨਾਟਕ ਹਨ। ਇਸਦਾ ਕਾਰਨ ਪਤਾ ਨਹੀਂ ਪ੍ਰਤੀਕ ਨਾਟਕਾਂ ਦੀ ਲਹਿਰ ਦੇ ਪ੍ਰਭਾਵ ਕਾਰਨ ਹੈ ਜਾਂ ਫਿਰ ਐਮਰਜੈਂਸੀ ਸਮੇਂ ਸਿੱਧੀ ਗੱਲ ਕਹਿਣ ਤੇ ਲੱਗੀ ਪਾਬੰਦੀ ਕਾਰਨ ਵਰਤਿਆਂ ਢੰਗ ਹੈ। ਸਾਡੇ ਵਿਚਾਰ ਅਨੁਸਾਰ ਐਮਰਜੈਂਸੀ ਦਾ ਪ੍ਰਭਾਵ ਹੀ ਹੋਵੇਗਾ ਕਿਉਂਕਿ 'ਬੰਦ ਕਮਰੇ' ਵਿਚ ਇਕ ਅੜੀਅਲ ਜ਼ਿੱਦੀ ਔਰਤ ਹੈ ਜੋ ਹਰ ਆਵਾਜ਼ ਤੇ ਆਪਣਾ ਪਹਿਰਾ ਰੱਖਣਾ ਚਾਹੁੰਦੀ ਹੈ। ਇਸ ਪ੍ਰਤੀਕ ਨਾਟਕ ਦਾ ਅਰਥ ਇਕ ਤਾਨਾਸ਼ਾਹੀ ਔਰਤ ਦੇ ਅਧੀਨ ਰਾਜ-ਪ੍ਰਬੰਧ ਦਾ ਨਿਕਲਦਾ ਹੈ। ਅਸਲ ਵਿਚ ਇਹ ਵੀ ਗੁਰਸ਼ਰਨ ਸਿੰਘ ਦੀ ਹੀ

ਖ਼ਾਸੀਅਤ ਹੈ ਕਿ ਉਨ੍ਹਾਂ ਦੇ ਪ੍ਰਤੀਕ ਨਾਟਕਾਂ ਦੀ ਪ੍ਰਤੀਕਾਤਮਕ ਕਹਾਣੀ ਅਤੇ ਅਸਲੀ ਕਹਾਣੀ ਦੋਵੇ ਹੀ ਸਪੱਸ਼ਟ ਹੁੰਦੇ ਹਨ। 'ਜਦੋਂ ਰੋਸ਼ਨੀ ਹੁੰਦੀ ਹੈ' ਇਕਾਂਗੀ ਵਿਚ ਨਾਟਕਕਾਰ ਨੇ ਧਰਮ ਅਤੇ ਰਾਜਨੀਤੀ ਦੀ ਆਪਸੀ ਸੰਧੀ ਦੁਆਰਾ ਆਮ ਲੋਕਾਂ ਨੂੰ ਦਬਾਉਣ ਦੇ ਢੰਗ ਤਰੀਕਿਆਂ ਤੋਂ ਪਰਦਾ ਚੁਕਿਆ ਹੈ।

ਹੋਰ ਸਮੱਸਿਆਵਾਂ ਨਾਲ ਸੰਬੰਧਿਤ ਇਕਾਂਗੀਆਂ ਤੋਂ ਬਾਦ ਉਨ੍ਹਾਂ ਦੇ ਪੰਜਾਬ ਸਮੱਸਿਆਂ ਨਾਲ ਜੁੜੇ ਇਕਾਂਗੀ 'ਕਰਫਿਊ', 'ਇਕ ਮੋਰਚਾ', 'ਇਕ ਕੁਰਸੀ ਤੇ ਹਵਾ ਵਿਚ ਲਟਕਦੇ ਲੋਕ', 'ਹੋਰ ਵੀ ਉਠਸੀ ਮਰਦ ਕਾ ਚੇਲਾ', 'ਬਾਬਾ ਬੋਲਦਾ ਹੈ', 'ਕੋਲਾਜ-ਤੇਰਾ ਨਾਂ ਪੰਜਾਬ', 'ਚੰਡੀਗੜ੍ਹ ਪੁਆੜੇ ਦੀ ਜੜ੍ਹ', 'ਦਾਸਤਾਨ-ਏ-ਪੰਜਾਬ', 'ਰਾਜ ਸਾਹਿਬਾਂ ਦਾ', ਆਦਿ ਹਨ। ਇਨ੍ਹਾਂ ਇਕਾਂਗੀਆਂ ਦੇ ਸਾਂਝੇ ਨੁਕਤੇ ਸੂਤਰਬੱਧ ਕਰਨੇ ਹੋਣ ਤਾਂ ਇਉਂ ਕੀਤੇ ਜਾ ਸਕਦੇ ਹਨ।

ਪੰਜਾਬ ਦੇ ਲੋਕਾਂ ਦੀ ਬਹੁਗਿਣਤੀ ਮਿਹਨਤੀ ਹੈ, ਪਰ ਰਾਜ-ਪ੍ਰਬੰਧ ਤੋਂ ਕਈ ਕਾਰਨਾਂ ਕਰਕੇ ਅਸੰਤੁਸ਼ਟ ਹੈ। ਉਸ ਦੀਆਂ ਕੁਝ ਜਾਇਜ਼ ਮੰਗਾਂ ਹਨ। ਅਕਾਲੀ ਅਤੇ ਕਾਂਗਰਸੀ ਦੀਆਂ ਦੋ ਪ੍ਰਮੁਖ ਧਿਰਾ ਸਮੱਸਿਆਵਾਂ ਨੂੰ ਹੱਲ ਕਰਨ ਦੀ ਥਾਂ ਆਪੋ ਆਪਣੇ ਰਾਜਸੀ ਹਿੱਤਾਂ ਕਾਰਨ ਇਕ ਜਾਂ ਦੂਜੇ ਧਰਮ ਦੇ ਜਜ਼ਬਾਤ ਨੂੰ ਭੜਕਾ ਕੇ ਰਾਜ ਗੱਦੀ ਤੇ ਕਾਬਜ਼ ਹੋਣਾ ਜਾਂ ਰਹਿਣਾ ਚਾਹੁੰਦੇ ਹਨ। ਕਾਂਗਰਸ ਨੇ ਅਕਾਲੀਆਂ ਵਿਚੋਂ ਹੀ ਇਕ ਗਰਮ ਧੜ ਖੜ੍ਹਾ ਕਰ ਲਿਆ। ਇਨ੍ਹਾਂ ਦੋਹਾਂ ਧਿਰਾਂ ਦੀਆਂ ਕੋਸ਼ਿਸ਼ਾਂ ਕਰਕੇ ਪੰਜਾਬ ਦੇ ਲੋਕਾਂ ਦੀ ਸੋਚ ਦੋ ਫਿਰਕਿਆਂ ਵਿਚ ਵੰਡੀ ਜਾਣੀ ਸ਼ੁਰੂ ਹੁੰਦੀ ਹੈ। ਗੁਰਸ਼ਰਨ ਸਿੰਘ ਤੀਜੀ ਧਿਰ ਜੋ ਅਕਾਲੀਆਂ ਕਾਂਗਰਸੀਆਂ ਤੋਂ ਭਿੰਨ ਹੈ, ਦੀ ਅਵਾਜ਼ ਬਣਕੇ ਪੇਸ਼ ਹੁੰਦਾ ਹੈ। ਉਹ ਦੋਹਾਂ ਧਿਰਾਂ ਦੀਆ ਗ਼ਲਤ ਗੱਲਾਂ ਤੇ ਉਂਗਲੀ ਰੱਖਦਾ ਹੈ। ਉਸਦੀ ਆਪਣੀ ਸੋਚਣੀ ਅਫਿਰਕੂ ਹੈ ਅਤੇ ਉਹ ਧਰਮਾਂ ਦੀ ਵੰਡ ਦੀ ਥਾਵੇਂ ਜਮਾਤੀ ਵੰਡ ਦੀ ਗੱਲ ਦ੍ਰਿੜ ਕਰਵਾਉਂਦਾ ਹੈ।

ਪੰਜਾਬ ਸਮੱਸਿਆ ਨਾਲ ਸਬੰਧਿਤ ਇਕਾਂਗੀਆਂ ਵਿਚ ਗੁਰਸ਼ਰਨ ਸਿੰਘ ਕਿਸੇ ਕਹਾਣੀ ਦੀ ਘਾੜਤ ਨਹੀਂ ਘੜਦਾ ਸਗੋਂ ਉਹ ਰਾਜਸੀ ਘਟਨਾਵਾਂ ਨੂੰ ਹੂਬਹੂ ਮੰਚ ਤੇ ਹੁੰਦੀਆਂ ਵਿਖਾਉਂਦਾ ਹੈ। ਇਥੋਂ ਤਕ ਕੀ ਉਹ ਰਾਜਸੀ ਵਿਅਕਤੀਆਂ ਦੇ ਨਾਂ ਅਤੇ ਘਟਨਾਵਾਂ ਦੇ ਵਾਪਰਨ-ਸਥਾਨ ਵੀ ਉਹੀ ਰੱਖਦਾ ਹੈ। ਸ਼ਾਇਦ ਸੰਸਾਰ ਨਾਟਕ ਦੇ ਇਤਿਹਾਸ ਵਿਚ ਇਹ ਵਿਲੱਖਣ ਪ੍ਰਯੋਗ ਹੋਵੇ। ਇਸੇ ਕਾਰਨ ਉਸਦੇ ਇਹ ਇਕਾਂਗੀ ਨਾਟ-ਸ਼ਾਸ਼ਤਰ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਧਿਆਨ ਮੰਗਦੇ ਹਨ।

ਪੰਜਾਬ ਦੀ ਪਿਛਲੇ ਦਸ ਸਾਲਾਂ ਦੀ ਰਾਜਸੀ ਸਥਿਤੀ ਆਪਣੇ ਆਪ ਵਿਚ ਐਨੀ ਜ਼ਿਆਦਾ ਨਾਟਕੀ ਸੀ ਕਿ ਉਸ ਦਾ 'ਸਿਧਾ ਪ੍ਰਸਾਰਨ' ਆਪਣੇ ਆਪ ਵਿਚ ਨਾਟਕ ਸੀ। ਆਮ ਜ਼ਿੰਦਗੀ ਵਿਚ ਅਸੀਂ ਰਾਜਸੀ ਘਟਨਾ ਨੂੰ ਤਰੁੰਤ ਪਹਿਲੀ ਘਟਨਾ ਨਾਲ ਜੋੜਨ ਦੇ ਆਦੀ ਹਾਂ, ਬਹੁਤੀਆਂ ਪਿਛਲੀਆਂ ਘਟਨਾਵਾਂ ਮਨੁੱਖੀ ਚੇਤਨਾ ਵਿਚੋਂ ਵਿਸਰ ਜਾਂਦੀਆਂ ਹਨ। ਦੂਜੇ ਪਾਸੇ ਰਾਜਸੀ ਘਟਨਾ ਦਾ ਸਿਰਫ਼ ਇਕੋ ਪਾਸਾ, ਇਕੋ ਸਮੇਂ

ਸਾਹਮਣੇ ਹੁੰਦਾ ਹੈ, ਵਿਰੋਧੀ ਪੱਖ ਸਾਡੀਆਂ ਨਜਰਾਂ ਦੇ ਉਹਲੇ ਹੁੰਦਾ ਹੈ। ਪਰ ਜਦੋਂ ਨਾਟਕ ਵਿਚ ਸਾਰੀਆਂ ਰਾਜਸੀ ਘਟਨਾਵਾਂ ਸੀਮਤ ਸਮੇਂ ਵਿਚ ਸਾਰੀਆਂ ਧਿਰਾਂ ਨੂੰ ਆਹਮੋ-ਸਾਹਮਣੇ ਕਰਕੇ ਗੁਜ਼ਾਰੀਆਂ ਜਾਂਦੀਆਂ ਹਨ ਤਾਂ ਨਾਟਕੀ ਪ੍ਰਭਾਵ ਪੈਦਾ ਹੁੰਦਾ ਹੈ। ਦਰਸ਼ਕ ਦੇ ਮਨ ਵਿਚ ਪਹਿਲਾਂ ਪਈਆਂ ਰਾਜਸੀ ਘਟਨਾਵਾਂ ਤੇ ਉਨ੍ਹਾਂ ਨੂੰ ਹੂਬਹੂ ਮੰਚ ਤੇ ਵੇਖਕੇ ਦੋਵਾ ਦਾ ਸਾਂਝਾ ਪ੍ਰਭਾਵ ਨਾਟਕ ਸਿਰਜਣ ਦੀ ਨਵੀਂ ਵਿਧੀ ਹੈ। ਗੁਰਸ਼ਰਨ ਸਿੰਘ ਰਾਜਸੀ ਘਟਨਾ-ਕ੍ਰਮ ਦੀ ਸੰਪਾਦਨਾ ਅਪਣੇ ਵਿਸ਼ੇਸ਼ ਰਾਜਸੀ ਦ੍ਰਿਸ਼ਟੀਕੋਣ ਤੋਂ ਕਰਦਾ ਹੈ ਜਿਸਦੇ ਫਲਸਰੂਪ ਨਾਅਕ ਮਨਇੱਛਤ ਪ੍ਰਭਾਵ ਪਾਉਣ ਵਿਚ ਸਫ਼ਲ ਹੋ ਜਾਂਦਾ ਹੈ। ਗੁਰਸ਼ਰਨ ਸਿੰਘ ਦੀ ਵਿਲੱਖਣਤਾ ਇਸ ਸੰਪਾਦਨਾ ਵਿਚ ਨਹੀਂ ਸਗੋਂ ਇਸ ਵਿਲੱਖਣ ਨਾਟਕ ਸਿਰਜਣ ਦੀ ਵਿਧੀ ਲੱਭਣ ਅਤੇ ਵਰਤਣ ਵਿਚ ਹੈ। ਪਰ ਉਸਦੀ ਵੱਡਤਣ ਉਸ ਸਮੇਂ ਨਾਟਕ ਲਿਖਣ/ਖੇਡਣ ਵਿਚ ਹੈ, ਜਦੋਂ ਇਸ ਵਿਸ਼ੇ ਤੇ ਗੱਲ ਕਰਨੀ ਹੀ ਮੁਸ਼ਕਲ ਸੀ।

ਗੁਰਸ਼ਰਨ ਸਿੰਘ ਜੀ ਨੇ ਇਤਿਹਾਸਕ-ਮਿਥਿਹਾਸਕ ਵੱਡੇ ਨਾਟਕਾਂ, ਮੌਲਿਕ ਇਕਾਂਗੀਆਂ ਤੋਂ ਛੁੱਟ ਕੁਝ ਨਾਵਲਾਂ, ਕਹਾਣੀਆਂ, ਫਿਲਮੀ ਕਹਾਣੀਆਂ ਅਤੇ ਕਵਿਤਾਵਾਂ ਦਾ ਨਾਟਕੀ ਰੂਪਾਂਤਰਨ ਵੀ ਕੀਤਾ ਹੈ। 'ਨਵਾਂ ਜਨਮ', 'ਇਕੋ ਮਿੱਟੀ ਦੇ ਪੁੱਤ', 'ਮਿੱਟੀ ਦਾ ਮੁੱਲ', 'ਤੂਤਾਂ ਵਾਲਾ ਖੂਹ', 'ਕਾਮਰੇਡ', 'ਮੌਤ ਦਰ ਮੌਤ', 'ਕੰਮੀਆਂ ਦਾ ਵਿਹੜਾ', 'ਅੱਖਾਂ' ਆਦਿ ਹੋਰ ਲੇਖਕ ਦੀਆਂ ਰਚਨਾਵਾਂ ਤੇ ਆਧਾਰਿਤ ਇਕਾਂਗੀ ਹਨ। ਬਿਨ੍ਹਾਂ ਸ਼ੱਕ ਇਨ੍ਹਾਂ ਇਕਾਂਗੀਆਂ ਮੂਲ ਵਿਚਾਰ ਤਾਂ ਮੂਲ ਲੇਖਕ ਦੇ ਹੀ ਹੁੰਦੇ ਹਨ ਪਰ ਰੂਪਾਂਤਰਨ ਲਈ ਚੋਣ ਨਾਟਕਕਾਰ ਦੀ ਆਪਣੀ ਹੁੰਦੀ ਹੈ। ਨਾਟਕੀ ਰੂਪਾਂਤਰਨ ਸਮੇਂ ਮੂਲ ਪਾਠ ਦੇ ਕਿਸੇ ਵਿਚਾਰ ਤੇ ਜ਼ੋਰ ਦੇਣਾ ਜਾਂ ਛੱਡ ਦੇਣਾ ਨਾਟਕੀ ਰੂਪਾਂਤਰਕਾਰ ਦੇ ਵੱਸ ਵਿਚ ਹੁੰਦਾ ਹੈ। ਗੁਰਸ਼ਰਨ ਸਿੰਘ ਇਸ ਪੱਖੋਂ ਬਹੁਤ ਸਫਲ ਹੈ।

ਗੁਰਸ਼ਰਨ ਸਿੰਘ ਦੀ ਸਮਰੱਥਾ ਉਨ੍ਹਾਂ ਦੇ ਨਾਟਕਾਂ ਦੇ ਵਿਸ਼ੇ ਰਾਜਸੀ ਅਤੇ ਦ੍ਰਿਸ਼ਟੀ ਰਾਜਨੀਤਕ ਹੋਣ ਵਿਚ ਹੈ। ਪਰ ਇਹ ਗੱਲ ਉਨ੍ਹਾਂ ਦੀ ਸੀਮਾ ਵੀ ਬਣ ਜਾਂਦੀ ਹੈ, ਖਾਸ ਕਰਕੇ ਪੰਜਾਬ-ਸਮੱਸਿਆ ਨਾਲ ਸੰਬੰਧਿਤ ਨਾਟਕਾਂ ਵਿਚ ਜਦੋਂ ਉਹ ਗੁੰਝਲਦਾਰ ਸਥਿਤੀ ਨੂੰ ਖਾਨੇ ਵੰਡ ਤਰੀਕੇ ਨਾਲ ਦੋਹਾਂ ਧਿਰਾਂ ਵਿਚ ਵੰਡ ਕੇ ਤੀਜੀ ਕਮਜ਼ੋਰ ਧਿਰ ਨੂੰ ਜਜ਼ਬਾਤ ਦੇ ਜ਼ੋਰ ਨਾਲ ਦੋਹਾਂ ਤੇ ਫਤਿਹ ਪਾਉਂਦਿਆਂ ਵਿਖਾ ਦਿੰਦੇ ਹਨ। ਭਾਵੇਂ ਇਹ ਉਨ੍ਹਾਂ ਦਾ ਇੱਛਤ ਯਥਾਰਥ ਹੈ, ਪਰ ਜਦੋਂ ਯਥਾਰਥ ਅਤੇ ਇੱਛਤ ਯਥਾਰਥ ਵਿਚ ਪਾੜਾ ਬਹੁਤ ਵੱਡਾ ਹੋਵੇ, ਉਦੋਂ ਜੇ ਮਨਇੱਛਤ ਢੰਗ ਨਾਲ ਸਮਕਾਲੀ ਯਥਾਰਥ ਨੂੰ ਪੇਸ਼ ਕੀਤਾ ਜਾਵੇ ਤਾਂ ਦਰਸ਼ਕ ਦੀ ਸਮਝ ਧੁੰਦਲੀ ਹੋ ਜਾਂਦੀ ਹੈ। ਜੋ ਸ਼ਾਇਦ ਗੁਰਸ਼ਰਨ ਸਿੰਘ ਨੂੰ ਮਨਜ਼ੂਰ ਨਹੀਂ ਹੈ।